# ਕਸੀਦੇ ਕੱਢਦੀਆਂ ਪੀੜਾਂ ਦੀ ਕਵਿਤਾ - 'ਚੁੱਪ ਤੋਂ ਮਗਰੋਂ'

*-ਹਰਿਭਜਨ ਸਿੱਧੂ ਮਾਨਸਾ*

ਆਪਣੀ ਪਹਿਲੀ ਪੁਸਤਕ 'ਪਰਛਾਵਿਆਂ ਦੇ ਮਗਰੇ ਮਗਰ' ਤੁਰਦਾ ਹੋਇਆ ਸ਼ਾਇਰ ਗੁਰਮੀਤ ਬਰਾੜ ਦੂਜੀ ਕਾਵਿ ਪੁਸਤਕ 'ਚੁੱਪ ਤੋਂ ਮਗਰੋਂ' ਲੈ ਕੇ ਆਧੁਨਿਕ ਪੰਜਾਬੀ ਕਾਵਿ ਖੇਤਰ 'ਚ ਸਾਡੇ ਸਨਮੁੱਖ ਹੈ।ਗੁਰਮੀਤ ਬਰਾੜ ਆਪਣੇ ਨਵੇਲੇ ਕਾਵਿ ਸੰਗ੍ਰਹਿ ਰਾਹੀਂ ਅਵੱਸ਼ ਹੀ ਆਪਣੇ ਕਾਵਿ ਸਫ਼ਰ ' ਚ ਦੋ ਕਦਮ ਅੱਗੇ ਤੁਰਿਆ ਹੈ ਤੇ ਭਰਵੇਂ ਕਦਮ ਪੁੱਟੇ ਹਨ। ਹੱਥਲੇ ਕਾਵਿ ਸੰਗ੍ਰਹਿ 'ਚ ਆਪਣੀ ਕਵਿਤਾ ਦੇ ਰੂਪ, ਆਕਾਰ, ਸੁਭਾਓ ਤੇ ਸ਼ੈਲੀ ਪੱਖੋਂ ਉਸਨੇ ਪੰਜਾਬੀ ਪਾਠਕਾਂ ਦੀਆਂ ਉਮੀਦਾਂ ਜਗਾਈਆਂ ਹਨ। ਇਹ ਸੁਭ ਸ਼ਗਨ ਹੈ ਪੰਜਾਬੀ ਕਾਵਿ ਜਗਤ ਤੇ ਸਮੁੱਚੇ ਪੰਜਾਬੀ ਕਾਵਿ ਪਾਠਕਾਂ ਲਈ ਤੇ ਖ਼ਾਸ ਤੌਰ ਤੇ ਰਾਜਸਥਾਨ ਦੇ ਸਾਹਿਤਕ ਦਾਇਰਿਆਂ ਲਈ।ਗੁਰਮੀਤ ਬਰਾੜ ਆਪਣੀ ਪਹਿਲੀ ਕਾਵਿ ਉਛਾਲ ਨਾਲ ਹੀ ਪਾਠਕ ਘੇਰਿਆਂ 'ਚ ਵਾਹਵਾ ਚਰਚਿਤ ਹੋ ਗਿਆ ਸੀ ਪਰ ਆਪਣੀ ਇਸ ਦੂਜੀ ਕਾਵਿ ਉਛਾਲ ਨਾਲ ਤਾਂ ਉਸਨੇ ਇਸ ਚਰਚਾ ਨੂੰ ਹੋਰ ਵੀ ਬਲ ਪ੍ਰਦਾਨ ਕੀਤਾ ਹੈ ਕਿ ਉਹ ਆਪਣੀ ਸਮੁੱਚੀ ਕਾਵਿ ਸਮਰੱਥਾ ਨਾਲ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਨੱਧ-ਬੱਧ ਰਹੇਗਾ।

ਉਸਦੀ ਕਵਿਤਾ ਜੀਣ ਥੀਣ ਤੇ ਜੂਝਣ ਦੇ ਸੁਭਾਅ ਅਤੇ ਮਾਨਵੀ ਸਮਵੇਦਨਾ ਦਾ ਸੰਯੁਕਤ ਕਾਵਿ ਹੈ। ਜੀਵਨ ਦੀਆਂ ਠੋਸ ਹਕੀਕਤਾਂ, ਚਾਹਤਾਂ, ਤੇ ਹੋਣੀਆਂ ਨਾਲ ਬਗਲਗੀਰ ਹੋਕੇ ਸੰਪੂਰਣ ਸੰਵਾਦ ਰਚਾਉਂਦੀ ਉਹਦੀ ਸੰਬੋਧਨੀ ਕਾਵਿ ਸੁਰ ਪਾਠਕ ਦੇ ਅੰਤਰੀਵ ਨੂੰ ਛੋਂਹਦੀ, ਟੋਂਹਦੀ ਤੇ ਮੋਂਹਦੀ ਹੈ। ਮੌਲਿਕ ਸੋਚ ਤੇ ਜ਼ਿੰਦਗੀ ਦੀ ਸਤਤ ਜੀਵੰਤਤਾ ਨੂੰ ਪਰਨਾਈ ਹੋਈ ਪੰਜਾਬੀ ਦੀ ਇਹ ਕਵਿਤਾ ਪਾਠਕ ਦੇ ਧੁਰ ਅੰਦਰਲੇ ਨੂੰ ਤਰੰਗਿਤ ਕਰਕੇ ਉਸਦੀ ਅਪਣੀ ਹੀ ਬਣ ਜਾਂਦੀ ਹੈ, ਜਿਸਨੂੰ ਪੜ੍ਹਦਾ ਹੋਇਆ ਪਾਠਕ ਇਸ ਦੇ ਕਾਵਿ ਦੀ ਸੰਪੂਰਣ ਲੋਚ ਲਹਿਰ, ਡੂੰਘਾਈ ਤੇ ਤਰਲਤਾ ਨਾਲ ਜੁੜਦਾ ਤੇ ਆਪਣੀ ਹੀ ਜ਼ਿੰਦਗੀ ਦੇ ਪਲ-ਪਲ, ਛਿਨ-ਛਿਨ ਦੀ ਸਮੂਰਤ ਅਕਾਸੀ ਹੁੰਦੀ ਇਸ ਵਿਚੋਂ ਤੱਕਦਾ ਤੇ ਮਾਣਦਾ ਤੁਰਿਆ ਰਹਿੰਦਾ ਹੈ।

ਗੁਰਮੀਤ-ਕਾਵਿ ਪਾਠਕ ਨੂੰ ਸੁਸਤ ਜਾਂ ਬਉਰਾਨਾ ਜਿਹਾ ਵੀ ਨਹੀਂ ਹੋਣ ਦਿੰਦਾ। ਬਲਕਿ ਪਾਠਕ ਦੇ ਦਿਲ ਤੇ ਦਿਮਾਗ ਦੋਵੇਂ ਹੀ ਇਸਨੂੰ ਪੜ੍ਹਦਿਆਂ ਸਰਗਰਮ ਰਹਿੰਦੇ ਹਨ।

'ਚੁੱਪ ਤੋਂ ਮਗਰੋਂ' ਦੀ ਕਵਿਤਾ ਉਸ ਦੀ ਚੁੱਪ ਦਾ, ਖ਼ੁਲਾਸਾ ਕਰਦੀ ਉਨ੍ਹਾਂ ਨਿਸ਼ਕਰਸ਼ਾਂ, ਸੱਚਾਂ, ਤੱਥਾਂ ਤੇ ਹਕੀਕਤਾਂ ਨੂੰ ਵੀ ਉਘਾੜਦੀ ਲਗਦੀ ਹੈ ਤੇ ਉਹ ਇਸ ਸੰਗ੍ਰਹਿ ਦੀ ਪਹਿਲੀ ਕਵਿਤਾ ਤੋਂ ਹੀ ਇਸ ਧਾਰਨਾਂ ਨੂੰ ਲਫ਼ਜ਼ ਦਿੰਦਾ ਲਗਦਾ ਹੈ,

*ਜੇ ਕੂੜ ਆਖਾਂ ਤਾਂ/ਹਿਰਦਾ ਰੁਦਨ ਕਰੇ/ਗੁਆ ਨਾ ਦੇਵਾਂ ਤੈਨੂੰ/ ਜੇ ਸਚਿਆਰਾ ਹੋਵਾਂ/*

ਗੁਰਮੀਤ ਆਪਣੀ ਕਵਿਤਾ 'ਚ ਵਿਸ਼ੇਸ਼ ਰਹੱਸਾਂ ਨੂੰ ਬੁਣਦਾ ਉਣਦਾ ਰਹਿੰਦਾ ਹੈ, ਕਦੀ ਸੰਘਣਾ ਤੇ ਕਦੀ ਪੇਤਲਾ, ਤੇ ਅਜਿਹੀ ਰਹੱਸਆਈ ਸ਼ਾਬਦਿਕ ਬੁਣਤੀ ਹੀ ਉਸਦੀ ਕਵਿਤਾ ਦਾ ਮੌਲਿਕ ਮੁਹਾਂਦਰਾ ਬਣਦੀ ਹੈ। ਇਸ ਦੀ ਝਲਕ ਕਵਿਤਾ 'ਰੂਹ ਦਾ ਮੇਚਾ' ਚੋਂ ਪ੍ਰਤੱਖ ਹੈ,

*ਮੈਂ ਰੋਜ਼ ਆਪਣੇ ਵਜੂਦ ਨੂੰ ਖਿੱਚਕੇ/ ਤੇਰੇ ਨਾਪ ਦਾ ਕਰਦਾ ਹਾਂ/*
*ਪਰ ਤੂੰ/ ਤੜਕਸਾਰ ਹੀ/ ਹੋ ਜਾਂਦੀ ਏਂ/ਹੋਰ ਲੰਮੇਰੀ/*

ਉਂਝ ਗੁਰਮੀਤ ਬਰਾੜ ਦੀ ਹੁਣ ਤੱਕ ਦੀ ਸਗਲ ਸ਼ਾਇਰੀ ਹੀ ਮਨੁੱਖੀ ਜ਼ਿੰਦਗੀ ਦੀਆਂ ਵਿਸੰਗਤੀਆਂ, ਰੂੜ੍ਹੀਆਂ, ਲੋੜਾਂ, ਥੋੜਾਂ, ਸਮਾਜੀ ਕਦਰਾਂ, ਤੇ ਜੀਵਨ ਦੇ ਅਨੇਕ ਰੰਗਾਂ, ਪੀੜਾਂ, ਕਸ਼ਟਾਂ, ਮਾਨਸਿਕ ਗੁੰਝਲਾਂ, ਅਹਿਸਾਸਾਂ, ਜਜ਼ਬਿਆਂ ਤੇ ਮੋਹ-ਮੁਹੱਬਤਾਂ ਦੇ ਫ਼ਿਕਰਾਂ, ਝੇੜਿਆਂ ਦੀ ਗੱਲ ਕਰਦੀ ਹੈ। ਇਸਨੂੰ ਪੜ੍ਹਦਿਆਂ ਸੁਣਦਿਆਂ ਮਹਿਸੂਸ ਵੀ ਹੁੰਦਾ ਹੈ ਕਿ ਉਹ ਅੰਦਰੋਂ ਕਿਸੇ ਬੇਹੱਦ ਸੰਘਣੇ ਹੇਰਵੇ, ਘਾਟਾਂ ਤੇ ਵਿਗੋਚਿਆਂ ਦੀ ਜੂਨ ਹੰਢਾਂ ਰਿਹਾ ਹੈ। ਉਸਦੀਆਂ ਕਾਵਿਕ ਮਨ ਬਚਨੀਆਂ ਰਾਹੀਂ ਉਸਦੇ ਗਿਲੇ ਸ਼ਿਕਵੇ, ਰੋਸੇ, ਰੋਹ ਤੇ ਉਸਦੇ ਮਾਨਸਿਕ ਝੋਰੇ ਉਸਦੀ ਕਵਿਤਾ ਦਾ ਈਂਧਨ ਬਣਦੇ ਹਨ ਤੇ ਉਹ ਹਿਜਰਾਂ ਭਰੀ ਇਸ ਕਾਵਿਕ ਤਵੀ ਨੂੰ ਤਪਾ ਕੇ ਆਪਣੇ ਮੂੰਹਜ਼ੋਰ ਵੇਗਮਈ ਹਉਕਿਆਂ, ਹਾਵਿਆਂ ਦੀ ਰੋਟੀ ਲਾਹੁੰਦਾ ਹੈ। ਇਸਦੀ ਗਵਾਹੀ ਉਸਦੀ 'ਅਸਤਘਾਟ' ਨਾਮੀ ਕਵਿਤਾ ਦਿੰਦੀ ਹੈ,

*'ਤਲੀਆਂ' ਤੇ ਧੁਖਦੀ ਹੈ/ ਲੇਖਾਂ ਦੀ ਮਹਿੰਦੀ/ ਜੀਭ 'ਤੇ ਬਲ਼ਦੀ ਹੈ ਅੱਗ/ ਅੱਗ 'ਚ ਸੜਦੇ ਨੇ ਅਣਜੰਮੇ ਬੋਲ/ ਅੱਧੀ ਰਾਤ ਨੂੰ/ ਬੰਦ ਅੱਖਾਂ 'ਚ/ ਬੰਦ ਨੀਂਦਾਂ/ ਤੇ ਹੱਦਾਂ ਟੱਪਣ ਨੂੰ ਲੂਸਣੀਆਂ ਲੈਂਦੇ/ ਆਵਾਰਾ ਸੁਪਨੇ/*

ਜ਼ਿੰਦਗੀ ਦੀਆਂ ਅਪਹੁੰਚਾਂ ਤੇ ਅਸਫ਼ਲਤਾਵਾਂ ਦਾ ਅਹਿਸਾਸ ਉਸਨੂੰ ਸੱਲਦਾ ਹੈ। ਜ਼ਖ਼ਮ ਦਿੰਦਾ ਹੈ ਉਹ ਕਵਿਤਾ 'ਚ ਕਦੀ ਪਾਸ਼ ਤੇ ਕਦੀ ਸ਼ਿਵ ਬਣਦਾ ਲਗਦਾ ਹੈ। ਉਸਦੀ ਦਰਦਾਂ ਵਿੰਨੀ ਕਵਿਤਾ ਦੀ ਸੁਰ ਆਪਣੀ ਸ਼ਬਦਾਵਲੀ ਦੇ ਜ਼ੌਹਰ ਦਿਖਾਉਂਦੀ ਹੈ ਪਰ ਪਾਠਕ ਦਾ ਠੰਢਾ ਸੀਤ ਹਉਂਕਾ ਵੀ ਨਾਲ ਹੀ ਕਢਾ ਦਿੰਦੀ ਹੈ। ਲਗਦੈ ਉਹਦੇ ਅੰਦਰ, ਦਰਦਾਂ, ਵਿਛੋਹਾਂ, ਪੀੜਾਂ ਤੇ ਬੇਇਨਸਾਫ਼ੀਆਂ ਦੇ ਖ਼ੂਹ ਜਿਹੇ ਭਰੇ ਪਏ ਹਨ। ਇਨ੍ਹਾਂ ਦੇ ਭਾਰਾਂ ਹੇਠ ਆਈ ਕਵਿਤਾ ਕਦੀ ਰੁਦਨ, ਕਦੀ ਝੋਰੇ, ਕਦੀ ਗਿਲੇ ਸ਼ਿਕਵੇ ਤੇ ਕਦੀ ਗਹਿਰਾ ਮਜੀਠੀ ਦਰਦ ਬਣ ਖਲੋਂਦੀ ਹੈ, ਇਹ ਨਜ਼ਾਰਾ ਅਸੀਂ ਉਸਦੀ 'ਸਿਤਬਾਣ' ਕਵਿਤਾ 'ਚੋਂ ਮਹਿਸੂਸ ਕਰ ਸਕਦੇ ਹਾਂ–

*ਸੁਪਨੰਤਰ ਹੋਈ ਹਾਮਲਾ/ ਸਹੂ ਦੇਹ ਮੇਰੀ ਨੂੰ/ ਕਿਉਂ ਆਥਣ ਉੱਗਣ/ ਕਣਸ ਜਿਹੀ ਚੜ੍ਹ ਜਾਏ/*
*ਇੱਕ ਸੁਵੰਨਵੀ/ ਸੁਮੱਧਮਾਂ ਦੇ/ ਸਰਬਲੋਹ ਅਚੂਕ ਨੇ/ ਲਹੂ ਘਰਾਲ਼ ਵਗਾਏ/*
*ਸਾਲ-ਪੱਤ੍ਰ ਕੋਈ/ ਬੰਨ੍ਹ ਵੇ ਇਕਮਨਿ/ ਮੁੜਕੇ ਨਾ ਫਿਰ/ ਸ਼ਹਵਤ ਆਵ ਸਤਾਏ/*

ਦਿੱਸਣ ਨੂੰ ਇਹ ਚੁੱਪ-ਚੁਪੰਤਰ ਜਿਹਾ ਸ਼ਾਇਰ ਆਪਣੀ ਕਵਿਤਾ 'ਚ ਅੰਦਰਲੇ ਦੀ, ਅੰਤਰੀਵ ਦੇ ਝੋਰਿਆਂ ਦਵੰਦਾਂ ਦੀ ਭਰਵੀਂ ਵਕਾਲਤ ਕਰਦਾ ਹੈ। ਪਾਠਕ ਨੂੰ ਉਹਦੀ ਹਰ ਗੱਲ ਸੱਚ ਲਗਦੀ ਹੈ। ਉਸਦਾ ਕਲਾਮ, ਉਸ ਦਾ ਬਿਆਨ ਦਿਲ ਕਚੋਟਦਾ ਹੈ ਤੇ ਦਲੀਲਾਂ ਵੀ ਕਾਟ ਕਰਦੀਆਂ ਹਨ ਪਰ ਉਸਦੀ ਕਵਿਤਾ ਦਾ ਪ੍ਰਗੀਤਕ ਰੂਪ ਪਾਠਕ ਨੂੰ ਬੰਨ੍ਹੀ ਰੱਖਦਾ ਹੈ।

ਇਸ ਕਾਵਿ ਕਿਰਤ ਦੇ ਬਹੁਤੇ ਸਿਰਲੇਖ ਵੀ ਬੜੇ ਉਦਾਸ-ਉਦਾਸ ਤੇ ਅਬਾਜ਼ਾਰ ਹਨ ਤਾਂ ਕੁਦਰਤੀ ਹੈ ਕਿ ਉਸਦੀ ਕਵਿਤਾ ਦਾ ਟੈਕਸਟ ਵੀ ਇਸੇ ਮੁਹਾਂਦਰੇ ਵਾਲਾ ਹੋਵੇਗਾ। ਬਰਾੜ ਕੁੱਝ ਨਿਵੇਕਲੇ ਬ੍ਰਹਮੰਡੀ ਸੱਚ ਵੀ ਬਿਆਨਦਾ ਹੈ ਜੋ ਪਾਠਕ ਦੇ ਮਨ ਲਗਦੇ ਤੇ ਕੀਲਦੇ ਵੀ ਹਨ, ਜਿਵੇਂ–

- *ਹਰ ਵਾਰ ਸੇਜ 'ਤੇ ਸਿਲਵਟਾਂ/ਨਹੀਂ ਭਰਦੀਆਂ ਵਸਲ ਦਾ ਹੁੰਗਾਰਾ/*
  *ਇਕੱਲ ਦੇ ਉਸਲ ਵੱਟੇ ਵੀ/ਛੱਡ ਜਾਂਦੇ ਨੇ ਨਿਸ਼ਾਨ ਅਕਸਰ (ਇਮਰੋਜ਼)*
- *ਕਮਲੀਏ! ਪੀੜਾਂ ਵੀ ਕਦੇ ਮੁਕਦੀਆਂ ਨੇ!*
  *ਜੰਮ ਜੰਮ ਮਰੀਆਂ/ ਮਰ ਮਰ ਜੰਮੀਆਂ/ਪੱਟ ਪੱਟ ਸੁਟੀਆਂ, ਖੱਬਲ ਵਾਂਗੂੰ/*
  *ਮੁੜ ਹੁੰਦੀਆਂ ਸੁਰਜੀਤ' (ਇਮਰੋਜ਼)*
- *ਏਥੇ ਲਾਵਾਂ ਦੇ ਜੋੜ ਤਾਂ/ ਟਾਵੇਂ ਟਾਵੇਂ*
  *ਜੋੜੀਆਂ ਤਾਂ ਖ਼ਿਆਲਾਂ ਨਾਲ ਜੁੜਦੀਆਂ– (ਵਿਰਲਾਂ)*
- *ਦੁਚਿਤਾਪਣ ਮੁੱਕੇ ਤਾਂ। ਹੋਵੇ ਪ੍ਰਾਪਤੀ। ਚਿੱਤਾਨੰਦ ਦੀ, (ਪੈਂਡਾ ਨਹੀਂ ਮੁੱਕਿਆ)*
- *ਕੋਈ ਵੱਸ ਨਹੀਂ ਮੇਰਾ/ ਹੋਣੀ 'ਤੇ*
  *ਕੋਈ ਵਸਾਹ ਨਹੀਂ/ ਮੇਰੇ ਸਾਹਾਂ ਦਾ/ ਤੁਰ ਹੀ ਜਾਵਾਂਗਾ' –(ਮੌਤ ਦਾ ਮਨੋਵਿਗਿਆਨ)*
- *ਮੰਦਰਾਂ 'ਚ ਰੱਖੇ, ਦੇਵਤਿਆਂ ਦੇ ਬੁੱਤ/ ਉਦੋਂ ਤੱਕ ਹੀ ਹਨ/ ਪੂਜਣਜੋਗ*
  *ਜਦੋਂ ਤੱਕ/ ਅਸੀਂ ਇਨ੍ਹਾਂ ਨੂੰ/ ਨਹੀਂ ਆਖਦੇ/ ਪੱਥਰ, (ਆਸਥਾ)*

ਲੱਗਦਾ ਇਉਂ ਹੈ ਕਿ ਆਪਣੀ ਪਹਿਲੀ ਕਿਤਾਬ 'ਚ ਗੁਰਮੀਤ ਮਹਿਜ਼ ਪੜਛਾਵਿਆਂ ਦੇ ਮਗਰੇ ਮਗਰ' ਆਪਣੀ ਚੁੱਪ ਨੂੰ ਸੰਭਾਲਦਾ ਤੁਰਿਆ ਰਿਹਾ ਤੇ ਫਿਰ ਆਖਰ ਉਸਨੂੰ ਆਪਣੀ ਇਸ ਚੁੱਪ ਨੂੰ ਬੋਲ ਦੇਣ ਹੀ ਪਏ ਜੋ ਉਸਦੀਆਂ ਹੂਕਾਂ, ਪੀੜਾਂ, ਹਉਕੇ, ਹਾਵਿਆਂ ਅਤੇ ਵਸਵਸਿਆਂ ਨੂੰ ਕਵਿਤਾ 'ਚ ਢਾਲਦੇ ਗਏ। ਪਾਠਕ ਤੇ ਸਰੋਤਾ ਜਦ ਵੀ ਹੈਰਾਨੀ ਤੇ ਭਰੇ ਮਨ ਨਾਲ ਇਨ੍ਹਾਂ ਕਵਿਤਾਵਾਂ ਵਿਚ ਦੀ ਗੁਜ਼ਰਦਾ ਹੈ ਤਾਂ ਇਸ ਭੇਤ ਬਾਰੇ ਜਾਣਨਾ ਚਾਹੁੰਦਾ ਹੈ ਕਿ ਸ਼ਾਇਰ ਅਸਲ 'ਚ ਕੀ ਚਾਹੁੰਦਾ ਹੈ? ਉਸ ਨੂੰ ਕਿਸ ਚੀਜ਼ ਦੀ ਘਾਟ ਜਾਂ ਵਿਗੋਚਾ ਹੈ? ਇਹ ਇਸ ਤਰ੍ਹਾਂ ਦੀਆਂ ਉਦਾਸੀਨ ਤੇ ਗ਼ਮਜ਼ਦਾ ਹੂਕਾਂ, ਵਿਗੋਚੇ, ਚੀਤਕਾਰਾਂ ਜਿਹੀਆਂ ਕਵਿਤਾਵਾਂ ਕਿਉਂ ਸਿਰਜਦਾ ਜਾ ਰਿਹਾ ਹੈ? ਇਹ ਹੇਰਵਿਆਂ ਤੇ ਹਉਂਕਿਆਂ ਦਾ ਰੇਗਸਤਾਨ ਉਸ ਅੰਦਰ ਕਿਉਂ ਪਸਰ ਰਿਹਾ ਹੈ?

ਇਹ ਗੱਲ ਸੱਚ ਹੈ ਕਿ ਦਿਲ ਇੱਕ ਸਮੁੰਦਰ ਵੀ ਹੁੰਦਾ ਹੈ ਤੇ ਸਮੁੰਦਰ ਤੇ ਦਿਲ ਦੇ ਅੰਦਰੂਨ ਕਿਤੇ ਨਾ ਕਿਤੇ, ਕੋਈ ਨਾ ਕੋਈ, ਤੂਫ਼ਾਨ, ਜਵਾਰ ਜਾਂ ਤੇਜ਼ ਤਰਾਰ ਲਹਿਰਾਂ ਦਾ ਘੋਲ-ਤਮਾਸ਼ਾ ਵੀ ਜਾਰੀ ਰਹਿੰਦਾ ਹੈ।ਸਮੁੰਦਰ ਤੇ ਦਿਲ ਦੋਵੇਂ ਹੀ ਅਕਸਰ ਉਪਰੋਂ-ਉਪਰੋਂ ਸ਼ਾਂਤ, ਸੁਖਾਲੇ ਤੇ ਚੁੱਪ ਮੌਨ ਜਿਹੇ ਲੱਗਿਆ ਕਰਦੇ ਹਨ। ਪਰ ਉਨ੍ਹਾਂ ਦੀ ਅੰਤਰੀਵੀ ਅਵਸਥਾ ਲਖੂੰਖਾਂ ਹਲਚਲਾਂ ਭਰੀ ਹੋਇਆ ਕਰਦੀ ਹੈ-ਤੇ ਕਦੀ ਕਦੀ ਸਮੁੰਦਰਾਂ ਤੇ ਦਿਲਾਂ ਦਾ ਕੜ ਵੀ ਪਾਟਦਾ ਹੈ। ਤੇ ਫਿਰ ਸ਼ਾਇਰ ਤੇ ਸਮੁੰਦਰ ਦੋਵੇਂ ਹੀ ਚੁੱਪ ਤੋਂ ਮਗਰੋਂ ਦੀ ਕਵਿਤਾ ਸਿਰਜਿਆ ਕਰਦੇ ਹਨ।

*ਪਰਾਇਆਂ ਦੇ ਬੋਲਾਂ ਨਾਲੋਂ/ਪਿਆਰਿਆਂ ਦੀ ਚੁੱਪ ਬੁਰੀ/*
*ਮੈਨੂੰ ਧੂ ਕੇ ਖਿੱਚ ਲੈ/ ਇਨ੍ਹਾਂ ਵਾ-ਵਰੋਲਿਆਂ ਚੋਂ*
*ਇਹ ਤੂਫ਼ਾਨ ਨਾ ਬਣ ਜਾਣ/ ਕਿਤੇ/ ਚੁੱਪ ਤੋਂ ਮਗਰੋਂ/ ( ਚੁੱਪ ਤੋਂ ਮਗਰੋਂ )*

ਗੁਰਮੀਤ ਬਰਾੜ ਦੀ ਕਵਿਤਾ 'ਚ ਕਈ ਹੋਰ ਗੁਣਾਂ ਦੇ ਨਾਲ-ਨਾਲ ਇੱਕ ਉਭਰਵਾਂ ਗੁਣ ਉਦੇ 'ਪੁਰ-ਉਮੀਦ' ਰਹਿਣ ਦਾ ਹੈ। ਕਈ ਵਾਰ ਉਸਦੀ ਬੇਹੱਦ ਉਦਾਸੀਨ ਲਫਜ਼ਾਂ, ਵਾਕਾਂ ਤੇ ਢਹਿੰਦੀਆਂ ਜਿਹੀਆਂ ਗੱਲਾਂ ਨਾਲ ਅਰੰਭ ਹੋਈ ਕਵਿਤਾ ਪਾਠਕ ਨੂੰ ਵੀ ਅੰਦਰੋਂ ਤੋੜਨ ਵਲੂੰਧਰਣ ਤੱਕ ਜਾਂਦੀ ਹੈ। ਜਿਵੇਂ ਕਿਸੇ ਆਤਮਾ ਹੱਤਿਆ ਕਰਨ 'ਤੇ ਉਤਾਰੂ ਹੋਏ ਬਸ਼ਰ ਨੇ ਐਨ ਆਖਰੀ ਲਮਹਿਆਂ 'ਚ ਆਪਣੀ ਸਲਾਹ ਨੂੰ ਸਮੂਲ ਹੀ ਬਦਲ ਦਿਤਾ ਹੋਵੇ,

*ਮੈਂ ਉਦਾਸ ਨਹੀਂ ਹਾਂ ਮੇਰੇ ਦੋਸਤ/ਬੱਸ, ਮੇਰੀਆਂ ਅੱਖਾਂ ਚ*
*ਇੱਕ ਸੁਰਮੇ ਰੰਗਾ/ ਆਥਣ/ ਘਿਰ ਆਇਆ ਹੈ/ ('ਮੈਂ ਉਦਾਸ ਨਹੀਂ ਹਾਂ')*

ਇਨ੍ਹਾ ਅੰਤਿਮ ਚਾਰ ਪੰਕਤੀਆਂ ਦੇ ਇਸ ਕਾਵਿ ਤਰਲੇ ਨਾਲ ਉਸਦੀ ਕਵਿਤਾ ਪੁਰ-ਉਮੀਦੀ ਜਾਂ ਜ਼ਿੰਦਗੀ-ਪਰਕ ਸੋਚ ਦਾ ਪੱਲੂ ਐਨ ਘੁੱਟਕੇ ਫੜ ਲੈਂਦੀ ਹੈ ਤੇਉਹ ਪਲਾਇਣ ਨੂੰ ਤਿਆਗ ਕੇ ਮੁੜ ਵਸਲ ਨਾਲ ਆ ਜੁੜਦਾ ਹੈ। ਇਹ ਬੜੀ ਹੌਸਲਾ ਵਧਾਉ ਸਥਿਤੀ ਹੈ ਕਵਿਤਾ ਲਈ।

ਉਸਦੀ ਇਕ ਅਜਿਹੀ ਹੀ ਕਵਿਤਾ ਹੈ 'ਆਪਣਾ ਖ਼ਿਆਲ ਰੱਖੀਂ' ਜਿਸ ਵਿੱਚ ਸ਼ਾਇਰ ਮਨ ਆਪਣੇ ਮਹਿਬੂਬਾ ਜਾਂ ਹਮਜੋਲੀ ਨੂੰ, ਖ਼ੁਦ ਨੂੰ ਕਿਸੇ ਗਹਿੰਦੀ ਸਥਿਤੀ ਦਾ ਸ਼ਿਕਾਰ ਹੋ ਗਿਆ ਜਾਣਦਿਆਂ ਵਿਛੜਨ ਵੇਲੇ ਉਸੇ ਤਰ੍ਹਾ ਹੀ ਪੱਕੀਆ ਸਮਝਾਉਂਤੀਆਂ ਦਿੰਦਾ ਹੈ, ਜਿਵੇਂ ਕੋਈ ਪ੍ਰਦੇਸ ਜਾਂਦਾ ਪ੍ਰਦੇਸੀ ਜਾਂ ਜੰਗ ਦੀ ਬਲੀ-ਵੇਦੀ ਵੱਲ ਪ੍ਰਸਥਾਨ ਕਰਦਾ ਸੈਨਿਕ ਆਪਣੀ ਸਾਥਣ ਨੂੰ ਜਾਂ ਕੋਈ ਉਮਰ ਕੈਦੀ ਆਪਣੇ ਕਿਸੇ ਨਿਕਟੀ ਨੂੰ ਆਖਰੀ ਸਲਾਹਾਂ ਦਿੰਦਾ ਹੋਇਆ ਆਪਣੇ ਹਰ ਤਜੁਰਬੇ ਦਾ ਬਖਾਨ ਕਰਦਾ ਤੁਰਿਆ ਜਾਂਦਾ ਹੈ। ਮੇਰੇ ਕਈ ਇਸ ਤਰ੍ਹਾਂ ਦੀ ਪੰਜਾਬੀ ਦੀ ਸ਼ਾਇਦ ਇਹ ਪਹਿਲੀ ਤੇ ਵਿਲੱਖਣ ਸੁਭਾਅ ਦੀ ਕਵਿਤਾ ਹੈ ਇਸਨੂੰ ਗੁਰਮੀਤ ਹੀ ਲਿਖ ਸਕਦਾ ਸੀ। ਸ਼ਾਇਦ ਉਹ ਕਦੀ ਮੇਰੇ ਵਾਂਗ ਹੀ ਕਿਸੇ ਹਾਲਤ 'ਚ ਇੱਕ ਸੈਨਿਕ ਦੀ ਸੋਚ 'ਚ ਵੀ ਵਿਚਰਿਆ ਹੋਵੇ, ਪਤਾ ਨਹੀਂ। ਪਰ ਇਹ ਸਰਬ ਸੱਚ ਹੈ ਕਿ ਸੈਨਿਕ ਦੀ ਬਹਾਦਰ ਸੋਚ ਦੇ ਨਾਲ-ਨਾਲ ਇੱਕ ਵਿਗੋਚਾ ਵੀ ਪਰਛਾਵਾਂ ਬਣਕੇ ਉਸਦੇ ਨਾਲ-ਨਾਲ ਤੁਰਿਆ ਰਹਿੰਦਾ ਹੈ, ਹਰ ਪਲ। ਤੇ ਫਿਰ ਉਹ ਕਹਿ ਉਠਦਾ ਹੈ,

*ਕਦੇ ਕਦੇ/ ਚੰਦ ਦੀ ਥਾਂ/ਚੰਦਰੇ ਵੀ ਕਰਨਗੇ/ ਰਾਤਾਂ 'ਤੇ ਹੁਕੂਮਤ*
*ਤੇ ਸ਼ਰੇ ਆਮ ਹੋਵੇਗਾ ਕਤਲ/ ਸਚਿਆਰਾ ਕੋਈ/ ਪਰ/*
*ਤੂੰ ਆਪਣਾ ਖ਼ਿਆਲ ਰੱਖੀਂ/ਮੈਂ ਤਾਂ ਡਿੱਗ ਪਿਆ ਹਾਂ/*
*ਸਮੇਂ ਦੀ ਅੱਖ 'ਚ/ਕਿਰਕ ਬਣਕੇ/*

'ਪੀੜ ਕਸੀਦੇ ਕੱਢਦੀ' ਹਉਂਕਿਆਂ ਤੇ ਟੀਸਾਂ ਭਰੀ, ਚੁੱਪ ਦੀ ਜਾਈ, ਉਸਦੀ ਇੱਕ ਹੋਰ ਲਾਜਵਾਬ ਕਵਿਤਾ ਹੈ ਜਿਸਨੂੰ ਪੜ੍ਹਦਿਆਂ ਕਈ ਵਾਰ ਨੈਣ ਭਰਦੇ ਹਨ, ਦਿਲ ਕਰੜਾ ਕਰਨਾ ਪੈਂਦਾ ਹੈ ਪਰ ਸ਼ਾਇਦ ਇਸ ਨੂੰ ਮੈ ਵੀ ਇੱਕੋ ਸਾਹੇ ਨਾ ਪੜ੍ਹ ਸਕਾਂ। ਪਰ ਆਫ਼ਰੀਨ ਹੈ, ਉਸ ਕਲਮ ਦੇ, ਜਿਸਨੇ ਪੀੜਾਂ ਪਰੋਈ ਇਸ ਕਵਿਤਾ ਨੂੰ ਜਣਿਆਂ ਹੈ। ਨਾ ਜਾਣੇ ਉਸਨੇ ਕੇਡਾ ਦਰਦ ਸਹਿਆ ਹੋਵੇਗਾ, ਸੋਚ ਸੋਚ ਕੇ ਦਿਲ ਮੂੰਹ ਨੂੰ ਆਉਂਦਾ ਹੈ। ਪਰ ਇਸਦਾ ਆਖ਼ਰੀ ਸ਼ੇਅਰ ਪੜ੍ਹਨ ਹਾਰੇ ਦੇ ਬੁੱਲ੍ਹਾਂ ਨੂੰ ਪੁਰ ਉਮੀਦੀ ਦਾ ਮਾਖਿਉਂ ਵੀ ਲਾਉਣ 'ਚ ਸਫ਼ਲ ਰਹਿੰਦਾ ਹੈ।

*ਨੈਣੀਂ ਨ੍ਹੇਰਾ ਘਿਰ ਗਿਆ/ ਵੇਖ ਆਥਣ ਦੇ ਕਾਰੇ/*
*ਬਦਰੰਗੀ ਹੋ ਗਈਆਂ ਬੁਲ੍ਹੀਆਂ/ਅਸੀਂ ਚੁੰਮਣ ਦੇ ਦੇ ਹਾਰੇ।*

ਉਸਦੀ ਹਰੇਕ ਕਵਿਤਾ ਦਾ ਸੁਭਾਅ ਇਕੋ ਜੇਹਾ ਹੈ। ਉਸਦੀ ਚਾਲ, ਸ਼ੈਲੀ, ਬਿੰਬ ਵਿਧਾਨ ਤੇ ਪ੍ਰਤੀਕ, ਸਭ ਇੱਕੋ ਜਿਹੇ ਹੀ ਖਿੱਚ ਪਾਊ ਤੇ ਸੱਭਿਆਚਾਰਕ ਹਨ।ਪਰ ਹੁਣ ਅਗਲੇਰੇ ਪੜਾਵਾਂ 'ਚ ਉਸਨੂੰ ਆਪਣੀ ਸ਼ਾਇਰੀ 'ਚ ਕੁੱਝ ਹੋਰ ਰੰਗ ਸ਼ਾਮਲ ਕਰਨੇ ਹੀ ਪੈਣਗੇ, ਕੁੱਝ ਤਤਕਾਲੀ ਤਬਦੀਲੀਆਂ ਕਰਨੀਆਂ ਪੈਣਗੀਆਂ, ਨਹੀਂ ਤਾਂ ਡਰ ਹੈ ਕਿ ਉਸਦੀ ਕਵਿਤਾ 'ਟਾਈਪਡ' ਨਾ ਹੋ ਜਾਵੇ।

'ਚੱਲ ਹੁਣ ਮੁੜ ਚੱਲੀਏ' ਕਵਿਤਾ 'ਚ ਉਹ ਗੁਰੂਦੇਵ ਟੈਗੋਰ ਦੀ ਬੋਲੀ ਬੋਲ ਰਿਹਾ ਲੱਗਿਆ ਹੈ, ਪਰੰਤੂ ਅਖੀਰਲੇ ਬੋਲਾਂ 'ਚ ਉਸਦੀ ਪਿਛਲਖੁਰੀ ਸੋਚ ਅਖਰਦੀ ਵੀ ਹੈ ਜੋ ਉਸਦੀ ਪੁਰ ਉਮੀਦੀ ਵਾਲੀ ਤਸਵੀਰ ਨੂੰ ਢਾਹ ਜਿਹੀ ਲਾਉਂਦੀ ਵੀ ਲਗਦੀ ਹੈ। ਗੁਰਮੀਤ ਦਾ ਪਾਠਕ ਉਸ ਤੋਂ ਅਜਿਹੀ ਉਮੀਦ ਨਹੀਂ ਰੱਖਦਾ ਪਰ ਸ਼ਾਇਰ ਜਦੋਂ ਕਹਿੰਦਾ ਹੈ ਕਿ

*'ਓਸ ਜਹਾਨ ਚ/ ਪਿਛਲੇ ਪੈਰੀਂ /ਚੱਲ ਹੁਣ / ਮੁੜ ਚੱਲੀਏ/'*

ਤਾਂ ਮੁੜ ਚੱਲਣ, ਪਿਛਲੇ ਪੈਰੀਂ ਤੇ 'ਓਸ ਜਹਾਨ' ਦੇ ਇਹ ਲਫ਼ਜ਼ ਉਸਦੇ ਕਿਸੇ ਢਾਹੂ ਇਰਾਦੇ ਜਾਂ ਡਿਗਦੀ ਸੋਚ ਦੀ ਥਾਹ ਦਿੰਦੇ ਹਨ।ਤੇ ਇਹ ਬੜੀ ਖ਼ਤਰਨਾਕ ਸਥਿਤੀ ਹੈ ਕਵਿਤਾ ਜਿਹੀ ਸਿਨਫ਼ ਕਈ।

ਉਸਦੀ 'ਮੁਗਾਲਤਾ' ਨਾਮਕ ਕਵਿਤਾ ਚੋਂ ਪਾਠਕ ਨੂੰ ਰਤਾ ਕੁ ਸੂੰਹ ਮਿਲਦੀ ਹੈ ਕਿ ਸ਼ਾਇਰ ਦੇ ਆਲੇ ਦੁਆਲਿਆਂ 'ਚ ਕੋਈ ਹਲਚਲ ਜਿਹੀ ਵੀ ਹੈ, ਕੁੱਝ ਵਿਆਕੁਲਤਾ ਵੀ ਹੈ, ਤੇ ਜਿਵੇਂ ਸਭ ਅੱਛਾ ਜਿਹਾ ਨਹੀਂ ਹੈ। ਸ਼ਾਇਰ ਦਾ ਵਿਦਰੋਹੀ ਸੁਰ ਇਸ ਦੀਆਂ ਆਖ਼ਰੀ ਪੰਕਤੀਆਂ ਚੋਂ ਇਉਂ ਉਭਰ ਰਿਹਾ ਹੈ-

*ਪਰ ਤੈਨੂੰ/ ਹੁਣ ਤੱਕ ਰਿਹਾ/ ਇਹੋ ਮੁਗਾਲਤਾ*
*ਕਿ ਮੈਂ ਤੇਰੇ ਟੁਕੜਿਆਂ ਤੇ ਪਲਦਾ ਹਾਂ*

ਅਣ-ਜੰਮੀਆਂ ਧੀਆਂ ਦੇ ਨਾਂ 'ਤੇ 'ਚਿੜੀਆਂ ਦਾ ਸਿਰਨਾਵਾਂ' ਕਵਿਤਾ ਲਿਖਦਿਆਂ ਕਵੀ ਨੇ ਆਪਣੀ ਕਵਿਤਾ 'ਚ ਜ਼ਿੰਦਗੀ ਦੀ ਕਰੂਰਤਾ ਤੇ ਬੇਇਨਸਾਫ਼ੀ ਦਾ ਇੱਕ ਹੋਰ ਰੰਗ ਸ਼ਾਮਲ ਕੀਤਾ ਹੈ। ਕੁੜੀਆਂ, ਖ਼ਾਸ ਕਰਕੇ 'ਲੜਕੀ ਭਰੂਣ' ਦੀ ਹੁੰਦੀ ਹੱਤਿਆ ਤੇ ਕੁੜੀਆਂ ਦੇ ਨਾਲ ਜੀਵਨ ਭਰ ਹੁੰਦੀਆਂ ਘੋਰ ਬੇਇਨਸਾਫ਼ੀਆਂ ਦੀ ਗੱਲ ਤੇ ਉਨ੍ਹਾਂ ਦੇ ਮਾਨਵੀ ਉਦਾਗਾਰਾਂ ਬਾਰੇ ਉਸਨੇ ਖੁੱਲ੍ਹਕੇ ਕਾਵਿ ਟੁੱਕੜੀ ਸਿਰਜੀ ਹੈ ਜੋ ਏਨੀ ਮਾਰਮਿਕ ਤੇ ਦਿਲ ਹਿਲਾਊ ਬਿਆਨ ਹੈ ਕਿ ਪੜ੍ਹਦਿਆਂ ਦਿਲ ਪਸੀਜਦੇ ਹਨ ਤੇ ਇਸ ਕਰੂਰ ਕਰਮ ਲਈ ਹਾਰਦਿਕ ਵਿਰੋਧ ਪੈਦਾ ਹੁੰਦਾ ਹੈ। ਇਹ 'ਆਹ ਦਾ ਨਾਅਰਾ' ਜਿਹੀ ਕਵਿਤਾ ਲਿਖਕੇ ਕਵੀ ਆਪਣੇ ਇਨਸਾਨੀ ਤੇ ਸਮਾਜੀ ਫਰਜ਼ਾਂ ਨੂੰ ਪਾਲ ਗਿਆ ਹੈ-

*ਨਾ ਧੀਆਂ ਹੋਣ ਪਰਦੇਸਣਾ/ ਨਾ ਮਾਵਾਂ ਨੇ ਹਉਂਕੇ ਭਰਨੇ*
*ਨਾ ਬਾਬਲ ਦਾ ਤੁਰਲਾ ਨੀਵਾਂ/ ਨਾ ਵੀਰਾਂ ਨੇ ਕਾਰਜ ਕਰਨੇ*
*ਸਭ ਸਾਕ ਸਕੀਰੀਆਂ ਚੋਂ ਅਸੀਂ ਮੁਕਦੀਆਂ ਮੁਕਦੀਆਂ, ਮੁੱਕ ਜਾਣਾਂ।*
*ਲੱਭਣਾ ਨਹੀਂ ਸਾਡਾ, ਚਿੜੀਆਂ ਦਾ ਸਿਰਨਾਵਾਂ-*

ਗੁਰਮੀਤ ਬਰਾੜ ਆਪਣੀ ਕਾਵਿ ਸਿਰਜਨਾ 'ਚ ਭਾਸ਼ਾ ਦੀ ਸ਼ੁੱਧਤਾ, ਤੇ ਉਸਦੇ ਗਿਆਰਾਂ ਪੱਖੋ ਬੇਹੱਦ ਚੇਤੰਨ ਰਹਿੰਦਾ ਹੈ। ਉਸਦੀ ਖ਼ੂਬਸੂਰਤ ਸ਼ਬਦਾਵਲੀ, ਤੇ ਉਸ ਵਿੱਚ ਪੰਜਾਬ ਦੀ ਇਲਾਕਾਈ ਰਹਿਤਲ ਨਾਲ ਓਤਪੋਤ ਮਲਵਈ ਬੋਲੀ ਦੀ ਮਿਕਸਿੰਗ ਵੀ ਆਮ ਮਿਲਦੀ ਹੈ ਜੋ ਉਸਦੀ ਭਾਸ਼ਾਈ ਸੁੰਦਰਤਾ 'ਚ ਹੋਰ ਵਾਧਾ ਕਰਦੀ ਹੈ।

ਪਰ ਕਈ ਥਾਵੀਂ ਉਹ ਫ਼ਾਰਸੀ, ਜਾਂ ਬਾਬੇ ਕਬੀਰ ਤੇ ਫਰੀਦ ਜੀ ਆਦਿ ਦੀ ਹਿੰਦੀ ਤੇ ਪੰਜਾਬੀ ਦੇ ਸ਼ਬਦ ਵੀ ਇਸਤੇਮਾਲ ਕਰਦਾ ਹੈ। ਲਗਦਾ ਹੈ ਕਿ ਉਸਨੂੰ ਇਹ ਵਿਸ਼ੇਸ਼ ਸ਼ਬਦ ਘਾੜਤ ਤੇ ਖ਼ਾਸ 'ਲਫਜ਼-ਵੰਨਗੀ' ਵਰਤਣ ਦਾ ਲਾਲਚ ਜਿਹਾ ਰਹਿੰਦਾ ਹੈ। ਪਰ ਉਸਦਾ ਇਹ ਕਰਮ ਉਸਦੇ ਪਾਠਕ ਨੂੰ ਪੰਜਾਬੀ, ਹਿੰਦੀ, ਉਰਦੂ ਆਦਿ ਭਾਸ਼ਾ ਡਿਕਸ਼ਨਰੀਆਂ ਨੂੰ ਆਪਣੇ ਨੇੜੇਹੀ ਰੱਖਣ ਲਈ ਜਿਵੇਂ ਮਜਬੂਰ ਵੀ ਕਰਦਾ ਹੈ। ਕਈ ਵਾਰ ਤਾਂ ਵਿਦਵਾਨ ਪਾਠਕ ਵੀ ਚਕ੍ਰਿਤ ਹੁੰਦਾ ਹੈ। ਇਸਦੇ ਸਬੂਤ ਵੱਜੋਂ ਮੈਂ ਕੁੱਝ ਸ਼ਬਦਾਵਲੀ ਚੁਣੀ ਹੈ ਜਿਸਨੂੰ ਤੁਸੀਂ ਵੀ ਜਾਣੋਂ,

ਅਸਤਘਾਟ, ਸਿਤਬਾਣ, ਇਮਰੋਜ਼, ਕਿਸ਼ਵਰ, ਮੁਗਾਤਾ, ਕੋਕਸ਼ਾਸਤਰ, ਬੱਜਰਕਪਾਟ, ਅਗਨਸਖੀ, ਸੁਰੀਤਾ, ਖ਼ਸਲਤ, ਉਪਭੋਗ ਸੰਭੋਗ, ਖਿਦਰਾਣਾ, ਲੋਹਗੜ੍ਹ ਕਮਰ ਕਿੰਕਨੀ, ਅਸ਼ਰਪਾਤ, ਚੁੰਝਵੀੜੀ, ਗਲ ਬਈਅਨ, ਬਾਹੜੀ ਵਲਾਅ, ਸੁਪਨੰਤਰ, ਸਹੂਟੀ, ਸੁਮੱਧਮਾ, ਸ਼ਰਬਲੋਹ ਅਚੂਕ, ਇਕਮਨਿ, ਸੁਹਵਤ, ਕਰਨ ਪਟਲ, ਸੁਵੰਨਵੀ ਕਾਚੀ ਪਿੰਡੀ, ਸੁੰਨਮੰਡਲ, ਸਿਕਲਗਰੀ, ਵਿਰਲਾਂਹਾਰੀ, ਤੀਨਦੋਖ, ਦਸਨਾਰੀ ਇੱਕਪੁਰਖ, ਸੁਰਭੀ, ਦਰਬਦਰ, ਤੜੀਪਾਰ, ਸਮੀਗਰਭ, ਚੀਂਘਣ, ਮੁੰਦਾਵਣੀ, ਉਂਰੋਜ਼ਾਂ, ਹਾਮਲਾ, ਚੰਦਾਕੜੀ, ਸਿਰਨ੍ਹਾਵਣੀ, ਹਭ ਕਿਛ ਤੈਂਨੂੰ ਦੀਨਾ ਆਦਿ ਆਦਿ।

ਇਸ ਤਰ੍ਹਾ ਦੀ ਵਿਦਵਤਾ ਪੂਰਨ ਸ਼ਬਦਾਵਲੀ ਓਪਰੀ ਤਾਂ ਨਹੀਂ ਲਗਦੀ ਪਰ ਅਜੋਕੇ ਪੰਜਾਬੀ ਰੂਪਾਕਾਰ ਵਾਲੀ ਕਵਿਤਾ ਦੀ ਰਵਾਨੀ 'ਚ ਬੋਝਲਤਾ ਦਾ ਸੁਮਾਰ ਜ਼ਰੂਰ ਹੀ ਕਰਦੀ ਹੈ। ਪਾਠਕ ਦੀ ਸਮਝ ਲਈ ਦਿੱਕਤਾਂ ਪੈਦਾ ਕਰਦੀ ਹੈ। ਪਾਠਕ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਕਵੀ ਸਰਲ ਸ਼ਬਦਾਵਲੀ ਮੌਜੂਦ ਹੋਣ ਦੇ ਬਾਵਜੂਦ ਇਸ ਤਰ੍ਹਾਂ ਦੀ ਓਪਰੀ, ਕਲਿਸ਼ਟ, ਜਟਿਲ ਤੇ ਔਖੇਰੀ ਜਿਹੀ ਸ਼ਬਦ ਵੰਨਗੀ ਕਿਉਂ ਵਰਤ ਰਿਹਾ ਹੈ? ਮੇਰਾ ਮੰਨਣਾ ਹੈ ਕਿ ਅਜਿਹੇ ਸੁਭਾ ਤੇ ਰੰਗਰੂਪ ਵਾਲੀ ਕਵਿਤਾ ਨੂੰ ਅਜਿਹੀ ਜਟਿਲ ਸ਼ਬਦਾਵਲੀ ਦੀ ਏਡੀ ਕੋਈ ਲੋੜ ਨਹੀਂ, ਨਾ ਹੀ ਇਹ ਤਰਕ ਸੰਗਤ ਹੀ ਹੈ। ਸੋ ਬਰਾੜ ਦੀ ਕਵਿਤਾ ਨੂੰ ਅਜਿਹੇ ਪੱਖਾਂ ਤੋਂ ਸੁਚੇਤ ਹੋਣਾ ਲੋੜੀਂਦਾ ਹੈ। ਉਸਦੀ ਜਟਿਲ ਭਾਸ਼ਾਈ ਬਣਤਰ ਦੀ ਕਵਿਤਾ ਦਾ ਇਸ ਪੱਖੋਂ ਇਹ ਅੰਸ਼ ਦੇਖਦੇ ਹੀ ਬਣਦਾ ਹੈ-

*ਸੁਪਨੰਤਰ ਹੋਈ ਹਾਮਲਾ/ਸਹੂਟੀ ਦੇਹ ਮੇਰੀ ਨੂੰ /ਕਿਉਂ ਆਥਣ ਉਗਣ/*
*ਕਣਸ ਜਿਹੀ ਚੜ੍ਹ ਜਾਏ/ ਇੱਕ ਸੁਵੰਨਵੀ ਸੁਮੱਧਮਾਂ ਦੇ/*
*ਸਰਬਲੋਹ ਅਚੂਕ ਨੇ/ ਲਹੂ ਘਰਾਲ ਵਗਾਏ/ ਸਾਲਪਤ੍ਰ ਕੋਈ ਬੰਨ੍ਹ ਵੇ ਇਕਮਨ/*
*ਮੁੜਕੇ ਨਾ ਫਿਰ। ਸ਼ਹਵਤ ਆਣ ਸਤਾਏ/*

ਗੁਰਮੀਤ ਬਰਾੜ ਦੀ ਕਵਿਤਾ ਬਾਰੇ ਹੋਰ ਬਹੁਤ ਕੁੱਝ ਬੋਲ ਸਕਦੇ ਹਾਂ ਤੇ ਲੰਮੇ ਸਮੇਂ ਤੱਕ ਵੀ ਬੋਲ ਸਕਦੇ ਹਾਂ। ਉਸਦੀ ਕਵਿਤਾ ਇਉਂ ਕਰਨ ਲਈ ਪ੍ਰੇਰਦੀ ਤੇ ਚਾਹੁੰਦੀ ਵੀ ਹੈ। ਉਸਦੀ ਇੱਕ ਇੱਕ ਕਵਿਤਾ ਨੂੰ ਲੈ ਕੇ ਪੇਪਰ ਲਿਖੇ ਜਾ ਸਕਦੇ ਹਨ ਤੇ ਘਟਿਆਂਬੰਧੀ ਚਰਚਾਵਾਂ ਵੀ ਚਲ ਸਕਦੀਆਂ ਹਨ ਪਰ ਸਮੇਂ ਦਾ ਸੱਚ ਆਪਣੀ ਇੱਕ ਨਿਵੇਕਲੀ ਹੀ ਸੁਰ, ਨਿਯਮ ਤੇ ਸੰਕੇਤ ਰੱਖਿਆ ਕਰਦਾ ਹੈ। ਇੰਨ੍ਹਾਂ ਨੂੰ ਸਮਝਕੇ ਹੀ ਚੱਲਣਾ ਸਾਂਡਾ ਫਰਜ਼ ਬਣਦਾ ਹੈ।

ਗੁਰਮੀਤ ਦੀ ਕਵਿਤਾ ਨੂੰ ਨਿੰਦਿਆ ਵੀ ਜਾ ਸਕਦਾ ਹੈ ਤੇ ਸਲਾਹਿਆ ਵੀ ਜਾ ਸਕਦਾ ਹੈ। ਜਿਸ ਦੇ ਲਈ ਸਾਨੂੰ ਅਲੋਚਕਾਂ ਸਮਾਲੋਚਨਾ ਦਾ ਵੀ ਇੱਕ ਉਸਦੇ ਬਰਾਬਰ ਦਾ ਪੱਧਰ ਵੀ ਤਿਆਰ ਰੱਖਣਾ ਪਵੇਗਾ, ਕਿਉਂਕਿ ਉਸ ਦੀ ਕਾਵਿ ਦ੍ਰਿਸ਼ਟੀ, ਸਮਰੱਥਾ ਤੇ ਕਾਰਜ ਬਾਰੇ ਕੁੱਝ ਵੀ ਕਹਿਣ ਵੇਲੇ ਸਰਬ ਪ੍ਰਥਮੇ ਅਸੀਂ ਖ਼ੁਦ ਵੀ ਇੱਕ ਪਰੀਖਿਆ ਹੀ ਦੇ ਰਹੇ ਹੋਵਾਂਗੇ। ਖ਼ਾਸ ਕਰਕੇ ਜਦੋਂ ਅਸੀਂ ਕਵਿਤਾ ਜਿਹੇ ਸੂਖਮ, ਬ੍ਰਹਿਮੰਡੀ, ਅਹਿਸਾਸਮੰਦ ਤੇ ਰੂਹਾਨੀ ਜਿਹੇ ਵਿਸ਼ੇ ਬਾਰੇ ਗੱਲ ਕਰਦੇ ਹੋਈਏ ਤਾਂ ਸਾਨੂੰ ਦੇਖਣਾ ਹੀ ਪੈਂਦਾ ਹੈ ਕਿ ਅਸੀਂ ਖੁਦ ਵੀ ਕਿੰਨੇ ਕੁ ਪਾਣੀ 'ਚ ਹਾਂ।ਹਰ ਸ਼ਾਇਰ, ਲੇਖਕ ਦੀ ਹਰ ਇੱਕ ਕਲਮ ਦੀ ਆਪਣੀ ਹੀ ਇੱਕ ਵਿਅਕਤੀਗਤ ਸਮਰੱਥਾ, ਪਹੁੰਚ ਤੇ ਪਰਵਾਜ਼ ਨੂੰ ਸਵੀਕਾਰ ਕੇ ਚੱਲਣਾ ਅਵੱਸ਼ਕ ਰਹੇਗਾ। ਕਵਿਤਾ ਲਿਖਣਾ ਕੋਈ ਮਹਿਜ਼ ਸ਼ੌਕ ਜਾਂ ਕਸਬ ਨਹੀਂ ਬਲਕਿ ਇਹ ਤਾਂ ਇੱਕ ਇਸ਼ਕ ਹੈ, ਜੁਨੂੰ ਹੈ, ਜੋ ਤਲਵਾਰ ਦੀ ਤਿਖੜੀ ਧਾਰ 'ਤੇ ਇੱਕ ਆਸ਼ਕ ਦੇ ਮਤਵਾਲੀ ਚਾਲੇ, ਬੇਖ਼ੌਫ਼ ਤੁਰਨ ਵਾਂਗ ਹੈ। ਧੰਨ ਹਨ ਉਹ ਜੀਵੜੇ ਜੋ ਇਸ ਧਾਰ ਨੂੰ ਸਵੀਕਾਰ ਕਰਦੇ ਹਨ। ਮੈਂ ਇਨ੍ਹਾਂ ਬੋਲਾਂ ਨਾਲ ਉਨ੍ਹਾਂ ਦੀ ਇਸ ਅਜ਼ਮਤ ਨੂੰ ਸਵੀਕਾਰਦਿਆਂ ਸਲਾਮ ਪੇਸ਼ ਕਰਦਾ ਹਾਂ।